TELL SOMEONE

# ਜਿਨਸੀ ਸ਼ੋਸ਼ਣ ਕਿਸੇ ਵੀ ਬੱਚੇ ਦੇ ਨਾਲ, ਕਿਸੇ ਵੀ ਜਗ੍ਹਾ 'ਤੇ ਹੋ ਸਕਦਾ ਹੈ

West Mercia POLICE

# ਪਿਆਰ ਤੋਂ ਤੁਹਾਨੂੰ ਡਰ ਮਹਿਸੂਸ ਨਹੀਂ ਹੋਣਾ ਚਾਹੀਦਾ

ਆਪਣੀ ਪਸੰਦ ਦੇ ਕਿਸੇ ਵਿਅਕਤੀ ਨੂੰ ਨੇੜਿਓਂ ਜਾਣਨਾ ਆਨੰਦਦਾਇਕ ਹੋਣਾ ਚਾਹੀਦਾ ਹੈ, ਇਸ ਨਾਲ ਤੁਹਾਨੂੰ ਚੰਗਾ ਮਹਿਸੂਸ ਹੋਣਾ ਚਾਹੀਦਾ ਹੈ ਅਤੇ ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਤੁਹਾਡੀ ਕਦਰ ਕੀਤੀ ਜਾਂਦੀ ਹੈ।

ਹੋ ਸਕਦਾ ਹੈ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਨਾਲ ਹੋਵੋ ਜੋ ਕਹਿੰਦਾ ਹੈ ਕਿ ਉਹ ਤੁਹਾਡੀ ਪਰਵਾਹ ਕਰਦਾ ਹੈ, ਪਰ ਤੁਹਾਡੇ ਨਾਲ ਉਸ ਦੇ ਵਤੀਰੇ ਤੋਂ ਤੁਸੀਂ ਬੇਆਰਾਮੀ ਜਾਂ ਡਰ ਮਹਿਸੂਸ ਕਰਦੇ ਹੋ।

ਪਿਆਰ ਤੋਂ ਤੁਹਾਨੂੰ ਅਜਿਹਾ ਮਹਿਸੂਸ ਨਹੀਂ ਹੋਣਾ ਚਾਹੀਦਾ।



# ਪਿਆਰ ਅਤੇ ਸਨੇਹ ਦੀ ਕੋਈ ਕੀਮਤ ਨਹੀਂ ਹੁੰਦੀ



ਤੁਸੀਂ ਕਿਸੇ ਨੂੰ ਮਿਲਦੇ ਹੋ, ਹੋ ਸਕਦਾ ਹੈ ਉਸ ਦੇ ਨਾਲ ਤੁਹਾਡੇ ਭਾਵਨਾਤਮਕ ਸਬੰਧ ਹੋਣ, ਜਾਂ ਉਸ ਨੇ ਤੁਹਾਡੀ ਦੇਖਭਾਲ ਕਰਨੀ ਹੋਵੇ। ਹੋ ਸਕਦਾ ਹੈ ਕਿ ਤੁਸੀਂ ਸ਼ਾਇਦ ਮਹਿਸੂਸ ਕਰੋ ਕਿ ਬਾਅਦ ਵਿੱਚ ਉਹ ਤੁਹਾਡੇ ਤੋਂ ਬਦਲੇ ਵਿੱਚ ਕੁਝ ਚਾਹੁੰਦਾ ਹੈ।

ਉਹ ਤੋਹਫਿਆਂ, ਪੈਸੇ, ਨਸ਼ੀਲੇ ਪਦਾਰਥਾਂ, ਸ਼ਰਾਬ, ਰਹਿਣ ਦੀ ਥਾਂ, ਜਾਂ ਬਸ ਪਿਆਰ ਅਤੇ ਸਨੇਹ ਦੇ ਵਾਅਦੇ ਦੇ ਬਦਲੇ ਤੁਹਾਨੂੰ ਸੈਕਸ ਸਬੰਧੀ ਅਜਿਹੀਆਂ ਚੀਜ਼ਾਂ ਕਰਨ ਲਈ ਮਨਾਉਣ ਦੀ ਕੋਸ਼ਸ਼ ਜਾਂ ਉਮੀਦ ਕਰ ਸਕਦਾ ਹੈ ਜੋ ਤੁਹਾਨੂੰ ਪਸੰਦ ਨਹੀਂ ਹਨ।

## ਤੱਥ

**ਜਿਨਸੀ ਸ਼ੋਸ਼ਣ ਕਿਸੇ ਵੀ ਬੱਚੇ ਦੇ ਨਾਲ, ਕਿਸੇ ਵੀ ਜਗ੍ਹਾ 'ਤੇ ਹੋ ਸਕਦਾ ਹੈ।**

ਇਹ ਮੁੰਡਿਆਂ ਅਤੇ ਕੁੜੀਆਂ ਦੋਵਾਂ ਨਾਲ ਹੋ ਸਕਦਾ ਹੈ।

ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੱਥੇ ਰਹਿੰਦੇ ਹੋ, ਜਾਂ ਤੁਹਾਡੇ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲੇ ਗੁਜ਼ਾਰੇ ਲਈ ਕੀ ਕਰਦੇ ਹਨ।

ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੀ ਨਸਲ ਜਾਂ ਧਰਮ ਕੀ ਹੈ, ਜਾਂ ਤੁਹਾਡਾ ਜਿਨਸੀ ਰੁਝਾਨ ਕੀ ਹੈ।

# ਬੱਚਿਆਂ ਦਾ ਸ਼ੋਸ਼ਣ ਕਰਨ ਵਾਲੇ ਲੋਕ ਹਰ ਤਰ੍ਹਾਂ ਦੇ ਹੁੰਦੇ ਹਨ



ਪਟਾਉਣ ਦਾ ਮਤਲਬ ਹੈ ਕਿ ਕੋਈ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਇਹ ਯਕੀਨ ਦਿਲਾਉਂਦਾ ਹੈ ਕਿ ਉਹ ਸੁਰੱਖਿਅਤ ਅਤੇ ਭਰੋਸੇਯੋਗ ਵਿਅਕਤੀ ਹੈ ਤਾਂ ਜੋ ਉਹ ਤੁਹਾਡਾ ਜਿਨਸੀ ਸ਼ੋਸ਼ਣ ਕਰ ਸਕੇ।

ਉਹ ਵਿਅਕਤੀ ਤੁਹਾਡਾ ਦੋਸਤ, ਬੁਆਏਫ੍ਰੈਂਡ ਜਾਂ ਗਰਲਫ੍ਰੈਂਡ ਬਣ ਸਕਦਾ ਹੈ ਜਾਂ ਤੁਹਾਡੇ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲੇ ਦੇ ਨਾਲ ਦੋਸਤੀ ਕਰ ਸਕਦਾ ਹੈ।

ਪਟਾਉਣ ਵਾਲਾ ਵਿਅਕਤੀ ਤੁਹਾਡੇ ਦੋਸਤ ਵਾਂਗ ਪ੍ਰਤੀਤ ਹੋ ਸਕਦਾ ਹੈ, ਤੁਹਾਨੂੰ ਅਜਿਹੀਆਂ ਚੀਜ਼ਾਂ ਪੇਸ਼ ਕਰ ਸਕਦਾ ਹੈ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ ਜਾਂ ਜੋ ਤੁਸੀਂ ਚਾਹੁੰਦੇ ਹੋ, ਤੁਹਾਨੂੰ ਗੱਲਾਂ ਗੁਪਤ ਰੱਖਣ ਲਈ ਕਹਿ ਸਕਦਾ ਹੈ ਅਤੇ ਤੁਹਾਨੂੰ ਅਸਲ ਜ਼ਿੰਦਗੀ ਵਿੱਚ ਜਾਂ ਔਨਲਾਈਨ ਪਟਾ ਸਕਦਾ ਹੈ।

# ਗੱਲਬਾਤ ਦੇ ਦੂਜੇ ਪਾਸੇ ਕੌਣ ਹੈ?

ਜਿਨਸੀ ਸ਼ੋਸ਼ਣ ਔਨਲਾਈਨ ਸ਼ੁਰੂ ਹੋ ਸਕਦਾ ਹੈ ਅਤੇ ਔਨਲਾਈਨ ਰਹਿ ਸਕਦਾ ਹੈ।



ਅਜਿਹੇ ਲੋਕ ਵੀ ਹਨ ਜੋ ਨਿਸ਼ਾਨਾ ਬਣਾਉਣ ਅਤੇ ਸ਼ੋਸ਼ਣ ਵਾਸਤੇ ਲੋਕਾਂ ਨੂੰ ਲੱਭਣ ਲਈ ਸੋਸ਼ਲ ਮੀਡੀਆ ਅਤੇ ਗੇਮਿੰਗ ਸਾਈਟਾਂ 'ਤੇ ਜਾਲ ਪਾਉਂਦੇ ਹਨ ਅਤੇ ਇੰਟਰਨੈਟ ਦੀ ਵਰਤੋਂ ਇਹਨਾਂ ਲੋਕਾਂ ਨੂੰ ਪਟਾਉਣ ਲਈ ਕਰਦੇ ਹਨ।

# ਅਪਰਾਧੀ ਚਾਪਲੂਸੀ ਅਤੇ ਬੇਇਜ਼ਤੀ ਦਾ ਸੁਮੇਲ ਵਰਤ ਸਕਦੇ ਹਨ




ਸ਼ੋਸ਼ਣ ਕਰਨ ਵਾਲੇ ਲੋਕ ਬਹੁਤ ਚਲਾਕ ਹੁੰਦੇ ਹਨ, ਉਹ ਤੁਹਾਡਾ ਫਾਇਦਾ ਉਠਾਉਣ ਲਈ ਤੁਹਾਡੀ ਕੋਈ ਕਮੀ ਲੱਭ ਸਕਦੇ ਹਨ, ਤੁਹਾਨੂੰ ਤੁਹਾਡੇ ਪਰਿਵਾਰ ਤੋਂ ਦੂਰ ਕਰ ਸਕਦੇ ਹਨ, ਜਾਂ ਤੁਹਾਨੂੰ ਉਹ ਚੀਜ਼ਾਂ ਦੇ ਸਕਦੇ ਹਨ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ।

# ਦੁਰਵਿਹਾਰ ਕਰਨ ਵਾਲੇ ਲੋਕ ਕੁਝ ਖਾਸ ਸਥਾਨਾਂ 'ਤੇ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ

ਆਮ ਤੌਰ 'ਤੇ ਅਜਿਹੇ ਸਥਾਨਾਂ ਤੇ ਜਿੱਥੇ ਨੌਜਵਾਨ ਇਕੱਠੇ ਹੁੰਦੇ ਹਨ, ਹਾਲਾਂਕਿ ਜਿਨਸੀ ਸ਼ੋਸ਼ਣ ਸਮਾਜਕ ਸਮੂਹਾਂ ਵਿੱਚ ਨੌਜਵਾਨਾਂ ਦੇ ਵਿਚਕਾਰ ਅਤੇ ਉਹਨਾਂ ਲੋਕਾਂ ਦੇ ਨਾਲ ਵੀ ਹੋ ਸਕਦਾ ਹੈ ਜੋ ਤੁਹਾਨੂੰ ਪਹਿਲਾਂ ਤੋਂ ਜਾਣਦੇ ਹਨ।



# ਕਿਸੇ ਵੀ ਚੀਜ਼ ਦੇ ਬਦਲੇ ਸੈਕਸ ਦੀ ਉਮੀਦ ਕਰਨਾ ਸਹੀ ਨਹੀਂ ਹੈ

ਭੋਜਨ, ਸ਼ਰਾਬ ਜਾਂ ਸਿਗਰਟਾਂ, ਰਹਿਣ ਲਈ ਜਗ੍ਹਾ, ਪੈਸਿਆਂ ਜਾਂ ਤੋਹਫਿਆਂ, ਜਾਂ ਇੱਥੋਂ ਤੱਕ ਕਿ ਪਿਆਰ ਅਤੇ ਸਨੇਹ ਦੇ ਵਾਅਦੇ ਦੇ ਬਦਲੇ ਕਿਸੇ ਕੋਲੋਂ ਸੈਕਸ ਦੀ ਉਮੀਦ ਕਰਨਾ ਠੀਕ ਨਹੀਂ ਹੈ।



# ਸੁਰੱਖਿਅਤ ਰਹਿਣਾ

ਜੇ ਕਿਸੇ ਵਿਅਕਤੀ ਦੇ ਕਾਰਨ ਤੁਸੀਂ ਅਸੁਰੱਖਿਅਤ, ਦਬਾਉ ਹੇਠ ਜਾਂ ਡਰੇ ਹੋਏ ਮਹਿਸੂਸ ਕਰਦੇ ਹੋ, ਤਾਂ ਆਪਣੇ 'ਤੇ ਭਰੋਸਾ ਕਰੋ ਅਤੇ ਮਦਦ ਮੰਗੋ।

ਅਜਿਹੇ ਲੋਕਾਂ 'ਤੇ ਭਰੋਸਾ ਨਾ ਕਰੋ ਜਿਨ੍ਹਾਂ ਨੂੰ ਤੁਸੀਂ ਜਾਣਦੇ ਨਹੀਂ ਹੋ, ਭਾਵੇਂ ਉਹ ਦੋਸਤਾਨਾ ਲੱਗਦੇ ਹੋਣ।

ਯਕੀਨੀ ਬਣਾਓ ਕਿ ਤੁਹਾਡੇ ਭਰੋਸੇ ਦੇ ਕਿਸੇ ਵਿਅਕਤੀ ਨੂੰ ਹਮੇਸ਼ਾਂ ਪਤਾ ਹੋਵੇ ਕਿ ਤੁਸੀਂ ਕਿੱਥੇ ਹੋ।

ਅਜਿਹੇ ਕੰਮ ਕਰਨ ਦੇ ਲਈ ਜਾਲ ਵਿੱਚ ਨਾ ਫਸੋ ਜੋ ਅਸੁਰੱਖਿਅਤ ਹਨ - ਉਸ ਸਮੇਂ ਇਹ ਮਜ਼ੇਦਾਰ ਲੱਗ ਸਕਦਾ ਹੈ, ਪਰ ਉਸ ਤੋਂ ਵਧੇਰੇ ਖਤਰਨਾਕ ਹੋ ਸਕਦਾ ਹੈ ਜਿੰਨਾ ਕਿ ਤੁਸੀਂ ਸੋਚਦੇ ਹੋ।

TELL SOMEONE

**ਜੇ ਤੁਸੀਂ ਜਾਂ ਤੁਹਾਡੀ ਜਾਣ-ਪਛਾਣ ਦਾ ਕੋਈ ਵਿਅਕਤੀ ਖ਼ਤਰੇ ਵਿੱਚ ਹੈ, ਤਾਂ 999 ਡਾਇਲ ਕਰੋ।**




ਜੇ ਤੁਸੀਂ ਕਿਸੇ ਵਿਅਕਤੀ ਦੇ ਤੁਹਾਡੇ ਨਾਲ, ਜਾਂ ਕਿਸੇ ਹੋਰ ਵਿਅਕਤੀ ਦੇ ਨਾਲ ਵਿਹਾਰ ਕਰਨ ਦੇ ਤਰੀਕੇ ਬਾਰੇ ਚਿੰਤਤ ਹੋ, ਤਾਂ **ਕਿਸੇ ਨੂੰ ਦੱਸੋ**। ਪੁਲਿਸ ਨੂੰ 101 'ਤੇ ਕਾਲ ਕਰੋ।

ਮਦਦ ਅਤੇ ਸਮਰਥਨ ਕਰਨ ਵਾਲੇ ਸੰਗਠਨਾਂ ਦੀ ਸੂਚੀ ਲਈ **www.tell-someone.org/gethelp** 'ਤੇ ਜਾਓ।